ਡਾਇਰੈਕਟੋਰੇਟ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,

ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ

ਟੈਲੀਫੋਨ ਨੰ: 2600588, 2602912 (ਫੈਕਸ)

ਸੇਵਾ ਵਿਖੇ

1. ਡਾਇਰੈਕਟਰ,
   ਸਿੱਖਿਆ ਵਿਭਾਗ, (ਕਾਲਜਿਜ),
   ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ,
   ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   (ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ,
   ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ,
   ਪੰਜਾਬ, ਚੰਡੀਗੜ੍ਹ।
4. ਡਾਇਰੈਕਟਰ ,
   ਸਿੱਖਿਆ ਵਿਭਾਗ (ਸਕੂਲਜ਼),
   ਪੰਜਾਬ, ਚੰਡੀਗੜ੍ਹ।

ਮੀਮੋ ਨੰਬਰ ਸ-17/20925-28
ਮਿਤੀ,ਚੰਡੀਗੜ੍ਹ 10-12-12

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ) ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਦਾਖਲਾ ਫੀਸ ਅਤੇ ਦੂਸਰੇ ਚਾਰਜਿਜ ਨਾ ਲੈਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਇੰਮਪਾਵਰਮੈਂਟ, ਨਵੀਂ ਦਿੱਲੀ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਚਲਾਈ ਜਾ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਕੇਂਦਰੀ ਪ੍ਰਾਯੋਜਿਤ) ਸਕੀਮ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਉੱਚ ਵਿਦਿਆ ਪ੍ਰਾਪਤ ਕਰਵਾਉਣ ਲਈ ਉਨ੍ਹਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ, ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਘੱਟ ਹੋਵੇ, ਨੂੰ ਵਜੀਫੇ ਦੇ ਨਾਲ ਨਾਲ ਦਾਖਲਾ ਫੀਸ ਅਤੇ ਨਾਨ-ਰਿਫੰਡੇਬਲ ਫੀਸਾਂ ਫੀਸਾਂ ਦੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ।

ਪੋਸਟ ਮੈਟ੍ਰਿਕ ਪ੍ਰੋਫੈਸ਼ਨਲ ਕੋਰਸਾਂ ਵਿਚ ਫੀਸਾਂ ਵੱਧ ਹੋਣ ਕਾਰਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦਾਖਲਾ ਲੈਣ ਵਿਚ ਪੇਸ਼ ਆ ਰਹੀਆਂ ਔਕੜਾਂ ਨੂੰ ਵਿਚਾਰਨ ਉਪਰੰਤ ਸਰਕਾਰ ਵੱਲੋਂ ਮਿਤੀ 11.07.2007 ਦੇ ਪੱਤਰ ਰਾਹੀਂ ਫੈਸਲਾ ਕੀਤਾ ਗਿਆ ਸੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਾਖਲੇ ਸਮੇਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਵਿਦਿਆਰਥੀਆਂ ਪਾਸੋਂ ਦਾਖਲਾ/ਟਿਊਸ਼ਨ ਫੀਸ ਅਤੇ ਨਾਨ ਰਿਫੰਡੇਬਲ ਫੀਸਾਂ ਲੈਣ ਦੀ ਬਜਾਏ ਸਕੀਮ ਦੇ ਨਾਰਮਜ਼ ਅਨੁਸਾਰ ਯੋਗ ਵਿਦਿਆਥੀਆਂ ਦੇ ਕੇਸਾਂ ਦੇ ਆਧਾਰ ਤੇ ਸਬੰਧਤ ਵਿਭਾਗ ਡਾਇਰੈਕਟਰ, ਭਲਾਈ ਵਿਭਾਗ ਤੋਂ ਰਿਬਰਸਮੈਂਟ ਪ੍ਰਾਪਤ ਕਰਨਗੇ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਮਿਤੀ 5.12.2012 ਨੂੰ ਹੋਈ 13ਵੀਂ ਮੀਟਿੰਗ ਵਿੱਚ ਇਸ ਮਾਮਲੇ ਤੇ ਵਿਚਾਰ ਕਰਦੇ ਹੋਏ ਮਾਨਯੋਗ ਚੇਅਰਮੈਨ ਜੀ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਿਆ ਕਿ ਕਈ ਸੰਸਥਾਵਾਂ ਵੱਲੋਂ ਸਰਕਾਰ ਦੇ ਇਸ ਫੈਸਲੇ ਦੀ ਇੰਨ-ਬਿੰਨ ਪਾਲਣਾ

ਨਹੀਂ ਕੀਤੀ ਜਾ ਰਹੀ ਅਤੇ ਆਦੇਸ਼ ਦਿੱਤੇ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਤੋਂ ਅਣ-ਅਧਿਕਾਰਤ ਤੌਰ ਤੇ ਫੀਸਾਂ ਵਸੂਲਣ ਵਾਲੀਆਂ ਪ੍ਰਾਈਵੇਟ/ਸਰਕਾਰੀ ਸੰਸਥਾਵਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਵੱਲੋਂ ਇਹ ਵੀ ਆਦੇਸ਼ ਦਿੱਤੇ ਗਏ ਕਿ ਵੱਖ-ਵੱਖ ਪ੍ਰਾਈਵੇਟ/ਸਰਕਾਰੀ ਵਿਦਿਅਕ ਸਕਸਥਾਵਾਂ ਦੇ ਪ੍ਰਾਸਪੈਕਟਾਂ ਵਿੱਚ ਅਤੇ ਸੰਸਥਾਵਾਂ ਵਿਖੇ ਵਿਸ਼ੇਸ਼ ਨੋਟਿਸ ਬੋਰਡ ਤਿਆਰ ਕਰਵਾ ਕੇ ਦਲਿਤ ਭਲਾਈ ਸਕੀਮਾਂ ਬਾਰੇ ਦੱਸਿਆ ਜਾਵੇ ਤਾਂ ਜੋ ਲੋੜਵੰਦ ਯੋਗ ਵਿਦਿਆਰਥੀ ਸਬੰਧਤ ਸਕੀਮਾਂ ਦਾ ਲਾਭ ਉਠਾ ਸਕਣ।

ਉਪਰੋਕਤ ਦੀ ਰੋਸ਼ਨੀ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਯੋਜਿਤ ਸਕੀਮ) ਦੇ ਨਾਰਮਜ ਅਨੁਸਾਰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਵਿਦਿਆਰਥੀਆਂ ਪਾਸੋਂ ਦਾਖਲਾ ਪ੍ਰਾਪਤ ਕਰਨ ਸਮੇਂ ਦਾਖਲਾ/ਟਿਊਸ਼ਨ ਫੀਸ ਅਤੇ ਹੋਰ ਕੰਪਲਸਰੀ ਨਾਨ-ਰਿਫੰਡੇਬਲ ਫੀਸਾਂ ਨਾ ਲੈਣ ਸਬੰਧੀ ਸਰਕਾਰ ਦੇ ਫੈਸਲੇ ਦੀ ਇੰਨ-ਬਿੰਨ ਪਾਲਣਾ ਕਰਨ ਲਈ, ਆਪ ਦੇ ਅਧੀਨ ਆਉਂਦੀਆਂ ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ/ਪ੍ਰਾਈਵੇਟ ਸੰਸਥਾਵਾਂ/ਕਾਲਜਾਂ ਅਤੇ ਸਕੂਲਾਂ ਨੂੰ, ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੀ ਸਹੂਲਤ ਲਈ ਸਬੰਧਤ ਪ੍ਰਾਸਪੈਕਟਸ ਵਿਚ ਲੋੜੀਂਦੀ ਜਾਣਕਾਰੀ ਛਪਵਾਉਣ ਅਤੇ ਕਾਲਜ/ਸੰਸਥਾ/ਸਕੂਲ ਦੇ ਨੋਟਿਸ ਬੋਰਡ ਤੇ ਭਲਾਈ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਡਿਸਪਲੇਅ ਕਰਵਾਈ ਜਾਵੇ ਤਾਂ ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਵਿਦਿਆਰਥੀ ਉਨ੍ਹਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਪੂਰਾ-ਪੂਰਾ ਲਾਭ ਉਠਾ ਸਕਣ ਜੀ।

ਡਾਇਰੈਕਟਰ

7/12/12

ਪਿੱਠ ਅੰਕਣ ਨੰਬਰ: ਸ-17/ ਮਿਤੀ, ਚੰਡੀਗੜ੍ਹ;

ਉਪਰੋਕਤ ਦੀ ਕਾਪੀ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ:-

1 ਸਕੱਤਰ ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਚੰਡੀਗੜ੍ਹ :

2 ਮੈਂਬਰ ਸਕੱਤਰ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ ।

ਡਾਇਰੈਕਟਰ

## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: **6ਐਮ.ਈ.3(3)-ਪੰ:-13/** 1495-96 ਮਿਤੀ ਚੰਡੀਗੜ੍ਹ: 23-1-13

ਭਲਾਈ ਵਿਭਾਗ ਦੇ ਮੀਮੋ ਨੰ: ਸ-17/20925-28 ਮਿਤੀ 10.12.2012 ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਕਾਰਵਾਈ ਅਤੇ ਉਨ੍ਹਾਂ ਨਾਲ ਸਬੰਧਤ ਸੰਸਥਾਵਾਂ ਨੂੰ ਸੂਚਿਤ ਕਰਨ ਹਿਤ ਭੇਜਿਆ ਜਾਂਦਾ ਹੈ-

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ।
2. ਰਜਿਸਟਰਾਰ, ਗੁਰੂ ਰਵੀਦਾਸ ਆਯੂਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ**

ਪਿਠ ਅੰਕਣ ਨੰ: **6ਐਮ.ਈ.3(3)-ਪੰ:-13/** 1497-1766 ਮਿਤੀ ਚੰਡੀਗੜ੍ਹ: 23-1-13

ਭਲਾਈ ਵਿਭਾਗ ਦੇ ਮੀਮੋ ਨੰ: ਸ-17/20925-28 ਮਿਤੀ 10.12.2012 ਦਾ ਉਤਾਰਾ ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਸਾਰੀਆਂ ਮੈਡੀਕਲ, ਡੈਂਟਲ, ਆਯੂਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਪਾਲਣਾ ਹਿਤ ਭੇਜਿਆ ਜਾਂਦਾ ਹੈ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ**